# ਇਨਐਕਟੀਵੇਟਿਡ ਇਨਫਲੂਐਨਜ਼ਾ (ਫਲੂ) ਵੈਕਸੀਨ

## Inactivated influenza (flu) vaccine

### ਇਨਐਕਟੀਵੇਟਿਡ ਇਨਫਲੂਐਂਜ਼ਾ ਵੈਕਸੀਨ ਕੀ ਹੈ?

ਇਨਐਕਟੀਵੇਟਿਡ ਇਨਫਲੂਐਂਜ਼ਾ ਵੈਕਸੀਨ ਮਾਰੇ ਗਏ ਇਨਫਲੂਐਂਜ਼ਾ ਵਾਇਰਸਾਂ ਜਾਂ ਵਾਇਰਸਾਂ ਦੇ ਹਿੱਸਿਆਂ ਤੋਂ ਬਣੀ ਹੋਈ ਹੁੰਦੀ ਹੈ। ਇਹ ਇਨਫਲੂਐਂਜ਼ਾ ਵਾਇਰਸਾਂ ਤੋਂ ਹੋਣ ਵਾਲੀ ਲਾਗ ਤੋਂ ਬਚਾਉਂਦੀ ਹੈ ਅਤੇ ਟੀਕੇ ਦੁਆਰਾ ਦਿੱਤੀ ਜਾਂਦੀ ਹੈ। ਇਹ ਵੈਕਸੀਨ ਹੋਰ ਵਾਇਰਸਾਂ ਤੋਂ ਬਚਾਅ ਨਹੀਂ ਕਰਦੀ ਜੋ ਜ਼ੁਕਾਮਾਂ ਜਾਂ ਗੈਸਟਰੋਐਂਟੇਰਾਈਟਿਸ (ਉਲਟੀਆਂ ਅਤੇ ਦਸਤ) ਦਾ ਕਾਰਨ ਬਣਦੇ ਹਨ। ਬੀ.ਸੀ. ਵਿੱਚ ਕਈ ਵੱਖ-ਵੱਖ ਇਨਫਲੂਐਂਜ਼ਾ ਵੈਕਸੀਨਾਂ ਉਪਲਬਧ ਹਨ, ਜਿਸ ਵਿੱਚ ਕਮਜ਼ੋਰ ਇਨਫਲੂਐਂਜ਼ਾ ਵਾਇਰਸਾਂ ਤੋਂ ਬਣੀ ਲਾਈਵ ਐਟੇਨੁਏਟਿਡ ਇਨਫਲੂਐਂਜ਼ਾ ਵੈਕਸੀਨ ਸ਼ਾਮਲ ਹੈ ਜੋ ਨੱਕ ਦੇ ਸਪਰੇਅ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ। ਹੋਰ ਜਾਣਕਾਰੀ ਲਈ, ਕਿਰਪਾ ਕਰਕੇHealthLinkBC File #12e ਲਾਈਵ ਐਟੇਨੂਏਟਿਡ ਇੰਨਫਲੂਐਨਜ਼ਾ (ਫਲੂ) ਵੈਕਸੀਨ 'ਤੇ ਜਾਓ। ਵੈਕਸੀਨਾਂ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹਨ।

ਬੀ.ਸੀ. ਵਿੱਚ, ਇਨਫਲੂਐਂਜ਼ਾ ਵੈਕਸੀਨਾਂ ਆਮ ਤੌਰ 'ਤੇ ਅਕਤੂਬਰ ਵਿੱਚ ਸ਼ੁਰੂ ਹੋਕੇ ਉਪਲਬਧ ਹੁੰਦੀਆਂ ਹਨ। ਆਪਣੀ ਸਭ ਤੋਂ ਵਧੀਆ ਸੁਰੱਖਿਆ ਲਈ, ਜਿੰਨੀ ਜਲਦੀ ਹੋ ਸਕੇ ਟੀਕਾਕਰਨ ਕਰਵਾਓ। ਤੁਸੀਂ ਟੀਕਾਕਰਨ ਕਰਵਾਉਣ ਲਈ ਅਪਾਇੰਟਮੈਂਟ ਬੁੱਕ ਕਰਨ ਬਾਰੇ ਜਾਣਕਾਰੀ ਬ੍ਰਿਟਿਸ਼ ਕੋਲੰਬੀਆ ਸਰਕਾਰ ਦੀ ਵੈੱਬਸਾਈਟ www2.gov.bc.ca/gov/content/health/managing-your-health/immunizations/flu 'ਤੇ ਪ੍ਰਾਪਤ ਕਰ ਸਕਦੇ ਹੋ।

### ਵੈਕਸੀਨ ਕਿਸਨੂੰ ਲਗਵਾਉਣੀ ਚਾਹੀਦੀ ਹੈ?

ਇਨਫਲੂਐਂਜ਼ਾ ਵੈਕਸੀਨ ਮੁਫ਼ਤ ਉਪਲਬਧ ਹੈ ਅਤੇ 6 ਮਹੀਨੇ ਅਤੇ ਉਸ ਤੋਂ ਵੱਧ ਉਮਰ ਦੇ ਹਰੇਕ ਵਿਅਕਤੀ ਲਈ ਇਸਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਸ ਵੈਕਸੀਨ ਦੀ ਸਿਫਾਰਸ਼ ਖਾਸ ਤੌਰ 'ਤੇ ਉਨ੍ਹਾਂ ਲੋਕਾਂ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਇਨਫਲੂਐਂਜ਼ਾ ਤੋਂ ਗੰਭੀਰ ਬਿਮਾਰੀ ਦਾ ਉੱਚ ਜੋਖਮ ਹੁੰਦਾ ਹੈ ਅਤੇ ਉਹ ਲੋਕ ਜੋ ਉੱਚ ਜੋਖਮ ਵਾਲੇ ਲੋਕਾਂ ਵਿੱਚ ਇਨਫਲੂਐਂਜ਼ਾ ਫੈਲਾਉਣ ਦੇ ਯੋਗ ਹਨ।

**ਇਨਫਲੂਐਂਜ਼ਾ ਤੋਂ ਗੰਭੀਰ ਬਿਮਾਰੀ ਦੇ ਉੱਚ ਜੋਖਮ ਵਾਲੇ ਲੋਕਾਂ ਵਿੱਚ ਸ਼ਾਮਲ ਹਨ:**

- 6 ਮਹੀਨੇ ਤੋਂ 5 ਸਾਲ ਤੋਂ ਘੱਟ ਉਮਰ ਦੇ ਬੱਚੇ
- ਗਰਭ ਅਵਸਥਾ ਦੇ ਕਿਸੇ ਵੀ ਪੜਾਅ 'ਤੇ ਗਰਭਵਤੀ ਲੋਕ
- 65 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਬਜ਼ੁਰਗ
- ਰਿਹਾਇਸ਼ੀ ਦੇਖਭਾਲ, ਅਸਿਸਟਿਡ ਲਿਵਿੰਗ ਜਾਂ ਹੋਰ ਸਮੂਹ ਸਹੂਲਤਾਂ ਵਿੱਚ ਰਹਿਣ ਵਾਲੇ ਲੋਕ
- ਕਿਸੇ ਮੈਡੀਕਲ ਅਵਸਥਾ ਦੇ ਕਾਰਨ ਸਮੇਂ ਦੀਆਂ ਲੰਬੀਆਂ ਮਿਆਦਾਂ ਲਈ ਐਸਪਰੀਨ® ਜਾਂ ASA ਲੈਣ ਦੀ ਲੋੜ ਹੋਣ ਵਾਲੇ ਬੱਚੇ ਅਤੇ ਕਿਸ਼ੋਰ
- ਕੁਝ ਖਾਸ ਮੈਡੀਕਲ ਅਵਸਥਾਵਾਂ ਵਾਲੇ ਬੱਚੇ ਅਤੇ ਬਾਲਗ, ਜਿਸ ਵਿੱਚ ਸ਼ਾਮਲ ਹਨ:
  - ਦਿਲ ਜਾਂ ਫੇਫੜਿਆਂ ਦੇ ਵਿਕਾਰ ਜਿਨ੍ਹਾਂ ਲਈ ਨਿਯਮਤ ਡਾਕਟਰੀ ਦੇਖਭਾਲ ਦੀ ਲੋੜ ਹੁੰਦੀ ਹੈ, ਜਿਵੇਂ ਕਿ ਦਮਾ, ਕ੍ਰੋਨਿਕ ਓਬਸਟ੍ਰਕਟਿਵ ਪਲਮਨਰੀ ਡਿਜ਼ੀਜ਼ ਜਾਂ ਸਿਸਟਿਕ ਫਾਈਬਰੋਸਿਸ
  - ਗੁਰਦਿਆਂ ਦੀ ਬਿਮਾਰੀ, ਜਿਗਰ ਦੀ ਚਿਰਕਾਲੀ ਬਿਮਾਰੀ ਜਿਵੇਂ ਕਿ ਹੈਪੇਟਾਈਟਸ, ਡਾਇਬੀਟੀਜ਼, ਕੈਂਸਰ, ਅਨੀਮੀਆ ਜਾਂ ਕਮਜ਼ੋਰ ਇਮਿਊਨ ਸਿਸਟਮ
  - ਅਜਿਹੀਆਂ ਸਥਿਤੀਆਂ ਜਿਨ੍ਹਾਂ ਨਾਲ ਸਾਹ ਲੈਣ, ਨਿਗਲਣ ਜਾਂ ਭੋਜਨ ਜਾਂ ਤਰਲ ਪਦਾਰਥਾਂ ਕਰਕੇ ਦਮ ਘੁੱਟਣ ਦਾ ਖ਼ਤਰਾ ਹੁੰਦਾ ਹੈ, ਜਿਵੇਂ ਕਿ ਦਿਮਾਗ ਨੂੰ ਗੰਭੀਰ ਨੁਕਸਾਨ, ਰੀੜ੍ਹ ਦੀ ਹੱਡੀ ਦੀ ਸੱਟ, ਦੌਰਿਆਂ ਜਾਂ ਨਿਊਰੋਮਸਕੂਲਰ ਵਿਕਾਰ ਵਾਲੇ ਲੋਕ
- ਬੱਚੇ ਅਤੇ ਬਾਲਗ ਜੋ ਬਹੁਤ ਮੋਟੇ ਹਨ

ਬਸਤੀਵਾਦ ਦੇ ਨਤੀਜੇ ਵਜੋਂ ਸਿਹਤ ਅਸਮਾਨਤਾਵਾਂ ਦੇ ਕਾਰਨ ਇੰਡਿਜਨਸ ਲੋਕਾਂ ਨੂੰ ਇਨਫਲੂਐਂਜ਼ਾ ਤੋਂ ਗੰਭੀਰ ਬਿਮਾਰੀ ਦਾ ਵੱਧ ਜੋਖਮ ਹੋ ਸਕਦਾ ਹੈ।

**ਇਨਫਲੂਐਂਜ਼ਾ ਤੋਂ ਗੰਭੀਰ ਬਿਮਾਰੀ ਦੇ ਉੱਚ ਜੋਖਮ ਵਾਲੇ ਲੋਕਾਂ ਵਿੱਚ ਇਨਫਲੂਐਂਜ਼ਾ ਫੈਲਾਉਣ ਦੇ ਯੋਗ ਲੋਕਾਂ ਵਿੱਚ ਸ਼ਾਮਲ ਹਨ:**

- ਉੱਚ ਜੋਖਮ ਵਾਲੇ ਲੋਕਾਂ ਦੇ ਘਰੇਲੂ ਸੰਪਰਕ (ਬੱਚਿਆਂ ਸਮੇਤ)
- 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਘਰੇਲੂ ਸੰਪਰਕ, ਦੇਖਭਾਲ ਕਰਨ ਵਾਲੇ ਅਤੇ ਡੇਅਕੇਅਰ ਸਟਾਫ

- ਡਾਕਟਰ, ਨਰਸਾਂ ਅਤੇ ਸਿਹਤ ਸੰਭਾਲ ਸੈਟਿੰਗਾਂ, ਜਿਨ੍ਹਾਂ ਵਿੱਚ ਲੌਂਗ-ਟਰਮ ਕੇਅਰ ਸਹੂਲਤਾਂ ਵੀ ਸ਼ਾਮਲ ਹਨ, ਵਿੱਚ ਕੰਮ ਕਰਨ ਵਾਲੇ ਹੋਰ ਲੋਕ ਜਿਨ੍ਹਾਂ ਦਾ ਮਰੀਜ਼ਾਂ ਨਾਲ ਸੰਪਰਕ ਹੁੰਦਾ ਹੈ
- ਸਿਹਤ ਸੰਭਾਲ ਸਹੂਲਤਾਂ ਅਤੇ ਮਰੀਜ਼ਾਂ ਦੀ ਦੇਖਭਾਲ ਕਰਨ ਵਾਲੀਆਂ ਹੋਰ ਥਾਵਾਂ ਵਿਖੇ ਆਉਣ ਵਾਲੇ ਵਿਜ਼ਿਟਰ
- ਸੂਬਾਈ ਸੁਧਾਰਾਤਮਕ ਸੰਸਥਾਵਾਂ ਦੇ ਕੈਦੀ
- ਉਹ ਲੋਕ ਜੋ ਕਰੂਜ਼ ਸ਼ਿੱਪਾਂ ਵਰਗੀਆਂ ਸੰਭਾਵੀ ਆਉਟਬ੍ਰੇਕ ਸੈਟਿੰਗਾਂ ਵਿੱਚ ਉੱਚ ਜੋਖਮ ਵਾਲੇ ਲੋਕਾਂ ਨੂੰ  ਦੇਖਭਾਲ ਜਾਂ ਸੇਵਾ ਪ੍ਰਦਾਨ ਕਰਦੇ ਹਨ

**ਇਹਨਾਂ ਲੋਕਾਂ ਲਈ ਵੀ ਖਾਸ ਤੌਰ 'ਤੇ ਇਸ ਵੈਕਸੀਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ:**

- ਜ਼ਰੂਰੀ ਕਮਿਊਨਿਟੀ ਸੇਵਾਵਾਂ ਪ੍ਰਦਾਨ ਕਰਨ ਵਾਲੇ ਲੋਕ, ਜਿਸ ਵਿੱਚ ਪੁਲਿਸ ਅਫਸਰ, ਫਾਇਰਫਾਈਟਰ, ਪੈਰਾਮੈਡਿਕਸ ਅਤੇ ਕਰੈਕਸ਼ਨਜ਼ ਕਰਮਚਾਰੀ ਸ਼ਾਮਲ ਹਨ
- ਪੋਲਟਰੀ, ਡੇਅਰੀ ਅਤੇ ਸੂਰ ਉਦਯੋਗ ਦੇ ਕਾਮਿਆਂ ਸਮੇਤ ਇਨਫਲੂਐਂਜ਼ਾ ਸੰਵੇਦਨਸ਼ੀਲ ਜਾਨਵਰਾਂ ਨਾਲ ਨੇੜਿਓਂ ਕੰਮ ਕਰਨ ਵਾਲੇ ਲੋਕ

## ਵੈਕਸੀਨ ਕਿਵੇਂ ਦਿੱਤੀ ਜਾਂਦੀ ਹੈ?

ਵੈਕਸੀਨ ਟੀਕੇ ਦੁਆਰਾ ਦਿੱਤੀ ਜਾਂਦੀ ਹੈ, ਆਮ ਤੌਰ 'ਤੇ ਇੱਕ ਖੁਰਾਕ ਦੇ ਰੂਪ ਵਿੱਚ। 9 ਸਾਲ ਤੋਂ ਘੱਟ ਉਮਰ ਦੇ ਬੱਚੇ ਜਿਨ੍ਹਾਂ ਨੂੰ ਕਦੇ ਵੀ ਇਨਫਲੂਐਂਜ਼ਾ ਵੈਕਸੀਨ ਨਹੀਂ ਲੱਗੀ, ਉਨ੍ਹਾਂ ਨੂੰ 4 ਹਫ਼ਤਿਆਂ ਦੇ ਅੰਤਰਾਲ 'ਤੇ ਦੋ ਖੁਰਾਕਾਂ ਦੇਣ ਦੀ ਲੋੜ ਹੁੰਦੀ ਹੈ। ਦੂਜੀ ਖੁਰਾਕ ਉਨ੍ਹਾਂ ਦੀ ਸੁਰੱਖਿਆ ਦੇ ਪੱਧਰ ਨੂੰ ਬਿਹਤਰ ਬਣਾਉਂਦੀ ਹੈ।

## ਵੈਕਸੀਨ ਲਗਵਾਉਣ ਦੇ ਕੀ ਲਾਭ ਹਨ?

ਇਹ ਵੈਕਸੀਨ ਇਨਫਲੂਐਂਜ਼ਾ, ਜੋ ਕਿ ਇੱਕ ਗੰਭੀਰ ਅਤੇ ਕਈ ਵਾਰ ਘਾਤਕ ਲਾਗ ਹੈ, ਤੋਂ ਬਚਾਅ ਦਾ ਸਭ ਤੋਂ ਵਧੀਆ ਤਰੀਕਾ ਹੈ। ਜਦੋਂ ਤੁਸੀਂ ਟੀਕਾਕਰਨ ਕਰਵਾਉਂਦੇ ਹੋ, ਤਾਂ ਤੁਸੀਂ ਇਨਫਲੂਐਂਜ਼ਾ ਵਾਇਰਸ ਦੇ ਫੈਲਾਅ ਨੂੰ ਘਟਾ ਕੇ ਦੂਜਿਆਂ ਦੀ ਰੱਖਿਆ ਕਰਨ ਵਿੱਚ ਵੀ ਮਦਦ ਕਰਦੇ ਹੋ।

## ਵੈਕਸੀਨ ਦੇ ਬਾਅਦ ਦੀਆਂ ਸੰਭਾਵੀ ਪ੍ਰਤੀਕਿਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ। ਵੈਕਸੀਨ ਲਗਵਾਉਣਾ ਇਨਫਲੂਐਂਜ਼ਾ ਦਾ ਸ਼ਿਕਾਰ ਹੋਣ ਤੋਂ ਜਿਆਦਾ ਸੁਰੱਖਿਅਤ ਹੈ। ਤੁਹਾਨੂੰ ਇਨਐਕਟੀਵੇਟਿਡ ਇਨਫਲੂਐਂਜ਼ਾ ਵੈਕਸੀਨ ਤੋਂ ਇਨਫਲੂਐਂਜ਼ਾ ਨਹੀਂ ਹੋ ਸਕਦਾ ਕਿਉਂਕਿ ਇਸ ਵਿੱਚ ਲਾਈਵ ਇਨਫਲੂਐਂਜ਼ਾ ਵਾਇਰਸ ਨਹੀਂ ਹੁੰਦਾ।

ਵੈਕਸੀਨ ਦੀਆਂ ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਥਾਂ ਤੇ ਜਲਨ, ਲਾਲੀ, ਅਤੇ ਸੋਜ ਸ਼ਾਮਲ ਹਨ। ਹੋਰ ਲੱਛਣ, ਜੋ ਇੱਕ ਤੋਂ ਦੋ ਦਿਨ ਰਹਿ ਸਕਦੇ ਹਨ, ਵਿੱਚ ਸ਼ਾਮਲ ਹੋ ਸਕਦੇ ਹਨ:

- ਬੁਖਾਰ
- ਸਿਰਦਰਦ
- ਮਾਸਪੇਸ਼ੀ ਜਾਂ ਜੋੜਾਂ ਵਿੱਚ ਦਰਦ
- ਥਕੇਵਾਂ
- ਮਤਲੀ
- ਉਲਟੀਆਂ
- ਦਸਤ
- ਠੰਡ ਲਗਣਾ

ਨਿਆਣੇ ਅਤੇ ਛੋਟੇ ਬੱਚੇ ਚਿੜਚਿੜੇ, ਨਿੰਦਰਾਲੇ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਘੱਟ ਭੁੱਖ ਲੱਗ ਸਕਦੀ ਹੈ। 20 ਵਿੱਚੋਂ ਇੱਕ ਤੋਂ ਘੱਟ ਲੋਕਾਂ ਨੂੰ ਓਕੁਲੋ-ਰੈਸਪੀਰੇਟਰੀ ਸਿੰਡਰੋਮ (ORS) ਹੋ ਸਕਦਾ ਹੈ। ORS ਦੇ ਲੱਛਣਾਂ ਵਿੱਚ ਲਾਲ ਅੱਖਾਂ, ਖੰਘ, ਗਲੇ ਵਿੱਚ ਖਰਾਸ਼, ਬੈਠੀ ਹੋਈ ਆਵਾਜ਼ (hoarseness) ਅਤੇ ਚਿਹਰੇ ਦੀ ਸੋਜ ਸ਼ਾਮਲ ਹਨ।

> ਬੁਖ਼ਾਰ ਜਾਂ ਦਰਦ ਲਈ ਐਸੀਟਾਮਿਨੋਫ਼ਿਨ (ਜਿਵੇਂ ਕਿ ਟਾਇਲੇਨੌਲ ®) ਜਾਂ ਆਈਬਿਊਪਰੋਫ਼ੈਨ (ਜਿਵੇਂ ਕਿ ਐਡਵਿਲ ®) ਦਿੱਤੀ ਜਾ ਸਕਦੀ ਹੈ। ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਡਰੋਮ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ HealthLinkBC File #84 ਰੇਏ ਸਿੰਡਰੋਮ 'ਤੇ ਜਾਓ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਅਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜ਼ਰੂਰੀ ਹੈ। ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ ਹੋ ਸਕਦੀ ਹੈ। ਅਜਿਹਾ ਵੈਕਸੀਨ ਪ੍ਰਾਪਤ ਕਰਨ ਵਾਲੇ ਇੱਕ ਮਿਲੀਅਨ ਵਿੱਚੋਂ ਇੱਕ ਤੋਂ ਵੀ ਘੱਟ ਲੋਕਾਂ ਵਿੱਚ ਹੁੰਦਾ ਹੈ। ਲੱਛਣਾਂ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਉਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡਰੇਨਲਿਨ) ਦਿੱਤੇ ਜਾਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** 'ਤੇ ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਗੁਇਲੇਨ-ਬਾਰ ਸਿੰਡਰੋਮ (GBS) ਇੱਕ ਦੁਰਲੱਭ ਸਥਿਤੀ ਹੈ ਜਿਸਦੇ ਨਤੀਜੇ ਵਜੋਂ ਸਰੀਰ ਦੀਆਂ ਮਾਸਪੇਸ਼ੀਆਂ ਵਿੱਚ ਕਮਜ਼ੋਰੀ ਅਤੇ ਅਧਰੰਗ ਹੋ ਸਕਦਾ ਹੈ। ਇਹ ਆਮ ਤੌਰ 'ਤੇ ਲਾਗਾਂ ਤੋਂ ਬਾਅਦ ਹੁੰਦਾ ਹੈ। ਪਰ ਬਹੁਤ ਘੱਟ ਮਾਮਲਿਆਂ ਵਿੱਚ, ਕੁਝ ਵੈਕਸੀਨਾਂ ਤੋਂ ਬਾਅਦ ਵੀ GBS ਹੋ ਸਕਦਾ ਹੈ। ਪ੍ਰਤੀ ਮਿਲੀਅਨ ਪ੍ਰਾਪਤਕਰਤਾਵਾਂ ਵਿੱਚੋਂ ਲਗਭਗ ਇੱਕ ਵਿੱਚ GBS ਇਨਫਲੂਐਂਜ਼ਾ ਵੈਕਸੀਨ ਨਾਲ ਜੁੜਿਆ ਹੋ ਸਕਦਾ ਹੈ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰੋ।

ਇਨਫਲੂਐਂਜ਼ਾ ਵੈਕਸੀਨ ਲੈਣ ਤੋਂ ਬਾਅਦ, ਵੈਕਸੀਨ ਦੀ ਸੁਰੱਖਿਆ ਦੀ ਨਿਗਰਾਨੀ ਕਰਨ ਵਾਲੇ ਅਧਿਐਨ ਵਿੱਚ ਹਿੱਸਾ ਲੈਣ ਲਈ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ। CANVAS ਅਧਿਐਨ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ https://canvas-network.ca 'ਤੇ ਜਾਓ।

## ਕਿਸਨੂੰ ਵੈਕਸੀਨ ਨਹੀਂ ਲਗਵਾਉਣੀ ਚਾਹੀਦੀ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇ:

- ਤੁਹਾਨੂੰ ਇਨਫਲੂਐਨਜ਼ਾ ਵੈਕਸੀਨ ਦੀ ਪਿਛਲੀ ਖੁਰਾਕ, ਜਾਂ ਵੈਕਸੀਨ ਦੇ ਕਿਸੇ ਵੀ ਹਿੱਸੇ ਪ੍ਰਤੀ ਜਾਨਲੇਵਾ ਐਲਰਜਿਕ ਪ੍ਰਤੀਕ੍ਰਿਆ ਹੋਈ ਸੀ। ਅੰਡੇ ਤੋਂ ਐਲਰਜਿਆਂ ਵਾਲੇ ਲੋਕਾਂ ਦਾ ਸੁਰੱਖਿਅਤ ਢੰਗ ਨਾਲ ਟੀਕਾਕਰਣ ਕੀਤਾ ਜਾ ਸਕਦਾ ਹੈ
- ਤੁਹਾਨੂੰ ਇਨਫਲੂਐਨਜ਼ਾ ਵੈਕਸੀਨ ਦੀ ਪਿਛਲੀ ਖੁਰਾਕ ਤੋਂ ਬਾਅਦ ਗੰਭੀਰ ਓਕੁਲੋ-ਰੈਸਪਿਰੇਟਰੀ ਸਿੰਡਰੋਮ ਹੋਇਆ ਸੀ
- ਤੁਹਾਨੂੰ ਕਿਸੇ ਹੋਰ ਕਾਰਨ ਦੀ ਪਛਾਣ ਕੀਤੇ ਬਿਨਾਂ ਕੋਈ ਵੀ ਇਨਫਲੂਐਂਜ਼ਾ ਵੈਕਸੀਨ ਲੈਣ ਦੇ 8 ਹਫਤਿਆਂ ਦੇ ਅੰਦਰ GBS ਵਿਕਸਤ ਹੋਇਆ ਸੀ

6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਇਹ ਵੈਕਸੀਨ ਨਹੀਂ ਲਗਵਾਉਣੀ ਚਾਹੀਦੀ ਕਿਉਂਕਿ ਇਸਦੇ ਇਸ ਉਮਰ ਵਿੱਚ ਪ੍ਰਭਾਵਸ਼ਾਲੀ ਹੋਣ ਬਾਰੇ ਜਾਣਕਾਰੀ ਨਹੀਂ ਹੈ।

ਜ਼ੁਕਾਮ ਜਾਂ ਹੋਰ ਹਲਕੀ ਬਿਮਾਰੀ ਦੇ ਕਾਰਨ ਟੀਕਾਕਰਨ ਕਰਵਾਉਣ ਵਿੱਚ ਦੇਰੀ ਕਰਨ ਦੀ ਕੋਈ ਲੋੜ ਨਹੀਂ ਹੈ। ਪਰ, ਜੇ ਤੁਹਾਨੂੰ ਕੋਈ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਇਨਫਲੂਐਂਜ਼ਾ ਕੀ ਹੈ?

ਇੰਨਫਲੂਐਂਜ਼ਾ, ਇੰਨਫਲੂਐਂਜ਼ਾ ਵਾਇਰਸ ਕਰਕੇ ਹੋਣ ਵਾਲੀ ਹਵਾ ਦੀ ਨਲੀ ਦੀ ਲਾਗ ਹੈ। ਇਨਫਲੂਐਂਜ਼ਾ ਵਾਲੇ ਵਿਅਕਤੀ ਨੂੰ ਵਾਇਰਲ ਜਾਂ ਬੈਕਟੀਰੀਅਲ ਨਮੂਨੀਆ, ਜੋ ਕਿ ਫੇਫੜਿਆਂ ਦੀ ਲਾਗ ਹੈ, ਸਮੇਤ ਹੋਰ ਲਾਗਾਂ ਦਾ ਖਤਰਾ ਹੁੰਦਾ ਹੈ।

ਇਨਫਲੂਐਂਜ਼ਾ ਖੰਘਣ, ਨਿੱਛ ਮਾਰਨ ਜਾਂ ਆਹਮੋ-ਸਾਹਮਣੇ ਸੰਪਰਕ ਰਾਹੀਂ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਅਸਾਨੀ ਨਾਲ ਫੈਲਦਾ ਹੈ। ਇਹ ਵਾਇਰਸ ਉਦੋਂ ਵੀ ਫੈਲ ਸਕਦਾ ਹੈ ਜਦੋਂ ਤੁਸੀਂ ਖੰਘ ਜਾਂ ਛਿੱਕ ਤੋਂ ਨਿਕਲਣ ਵਾਲੀਆਂ ਛੋਟੀਆਂ ਬੂੰਦਾਂ ਨੂੰ ਕਿਸੇ ਹੋਰ ਵਿਅਕਤੀ ਜਾਂ ਵਸਤੂ 'ਤੇ ਛੂਹੰਦੇ ਹੋ, ਅਤੇ ਫਿਰ ਆਪਣੇ ਹੱਥ ਧੋਣ ਤੋਂ ਪਹਿਲਾਂ ਆਪਣੀਆਂ ਅੱਖਾਂ, ਮੂੰਹ ਜਾਂ ਨੱਕ ਨੂੰ ਛੂਹੰਦੇ ਹੋ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਤਾ-ਪਿਤਾ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਨ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਉਸ ਲਈ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ 'ਤੇ ਜਾਓ।

## ਹੋਰ ਜਾਣਕਾਰੀ ਲਈ

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਇਹ ਫਾਇਲਾਂ ਦੇਖੋ:

- HealthLinkBC File #12a ਬਜ਼ੁਰਗਾਂ ਨੂੰ ਇਨਐਕਟਿਵੇਟਿਡ ਇਨਫਲੂਐਂਜ਼ਾ (ਫਲੂ) ਵੈਕਸੀਨ ਕਿਉਂ ਲੈਣੀ ਚਾਹੀਦੀ ਹੈ
- HealthLinkBC File #12b ਇਨਫਲੂਐਂਜ਼ਾ (ਫਲੂ) ਬਾਰੇ ਤੱਥ
- HealthLinkBC File #12c ਇਨਫਲੂਐਨਜ਼ਾ (ਫਲੂ) ਟੀਕਾਕਰਨ: ਮਿੱਥਾਂ ਅਤੇ ਤੱਥ
- HealthLinkBC File #12e ਲਾਈਵ ਐਟੇਨੂਏਟਿਡ ਇਨਫਲੂਐਨਜ਼ਾ (ਫਲੂ) ਵੈਕਸੀਨ

BC Centre for Disease Control
Provincial Health Services Authority